**Press Note**

JAGAT GURU NANAK DEV PUNJAB STATE OPEN UNIVERSITY
PATIALA
(Established by Act No.19 of 2019 of Legislature of the State of Punjab)

PSOU/PRO/2024/88

Date: 16-05-2024

**JGND PSOU initiates Padma Shri Surjit Patar Memorial Lecture Series**

**16-05-2024**

Jagat Guru Nanak Dev Punjab State Open University (JGND PSOU), Patiala has initiated Padma Shri Surjit Patar Memorial Lecture Series. Keeping in view the significant contribution of the eminent poet in promoting Punjabi language across the globe, Punjab State Open University will shortly begin with the lecture series. Prof. Karamjeet Singh, Vice-Chancellor, JGND PSOU said, "Shri Surjit Patar ensured penning of social realities and personal experiences in his works. He received top honours for his writings in regional language. His writings provide direction to young poets and readers all around the globe. In the memory of poet, writer, translator and educationist Padma Shri Surjit Patar, the School of Languages will organize this Memorial Lecture Series. Eleven-member committee comprising of National and International Literary luminaries will be constituted to work on the modalities of the Special Lecture Series." "The distinguished poet composed the University anthem and was also associated with various academic activities at JGND PSOU," he added.

Earlier, on 14 May 2024 a condolence meeting was held in the academic block of the university to offer tributes to the departed soul.

16/5/24

Director
Public Relations

Director-Public Relations Cell
Jagat Guru Nanak Dev
Punjab State Open University
Patiala – 147001(PB) INDIA

JAGAT GURU NANAK DEV
PUNJAB STATE OPEN UNIVERSITY PATIALA
(Established by Act No.19 of 2019 of Legislature of the State of Punjab)

PSOU/PRO/88/2024

ਮਿਤੀ: 16-05-2024

## ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਵੱਲੋਂ ਸ਼ੁਰੂ ਕੀਤੀ ਜਾਵੇਗੀ "ਪਦਮਸ਼੍ਰੀ ਸੁਰਜੀਤ ਪਾਤਰ ਯਾਦਗਾਰੀ ਲੈਕਚਰ ਸੀਰੀਜ਼"

ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਦੇ ਸਕੂਲ ਆਫ ਲੈਂਗੁਏਜ਼ ਵੱਲੋਂ ਮਾਣਯੋਗ ਵਾਈਸ ਚਾਂਸਲਰ, ਪ੍ਰੋ. ਕਰਮਜੀਤ ਸਿੰਘ ਦੀ ਰਹਿਨੁਮਾਈ ਵਿੱਚ ਪਦਮਸ਼੍ਰੀ ਸੁਰਜੀਤ ਪਾਤਰ ਜੀ ਨੂੰ ਸ਼ਰਧਾਂਜਲੀ ਵਜੋਂ "ਪਦਮਸ਼੍ਰੀ ਸੁਰਜੀਤ ਪਾਤਰ ਯਾਦਗਾਰੀ ਲੈਕਚਰ ਸੀਰੀਜ਼" ਸ਼ੁਰੂ ਕਰਵਾਈ ਜਾ ਰਹੀ ਹੈ। ਇਸ ਲੈਕਚਰ ਸੀਰੀਜ਼ ਨੂੰ ਸ਼ੁਰੂ ਕਰਨ ਦਾ ਮਨੋਰਥ ਇਹ ਹੈ ਕਿ ਇਸ ਲੈਕਚਰ ਸੀਰੀਜ਼ ਰਾਹੀਂ ਪਦਮਸ਼੍ਰੀ ਸੁਰਜੀਤ ਪਾਤਰ ਜੀ ਦੇ ਸਾਹਿਤਕ ਕਾਰਜ ਨੂੰ ਅਕਾਦਮਿਕ ਅਤੇ ਆਮ ਪੱਧਰ ਤੱਕ ਪਹੁੰਚਾਇਆ ਜਾਵੇ। ਵਾਈਸ ਚਾਂਸਲਰ ਸਾਹਿਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਇਸ ਲੈਕਚਰ ਸੀਰੀਜ਼ ਨੂੰ ਵਿਉਂਤਬੱਧ ਤਰੀਕੇ ਨਾਲ ਚਲਾਉਣ ਲਈ ਪ੍ਰਮੁੱਖ ਸਾਹਿਤ ਸ਼ਾਸਤਰੀਆਂ ਦੀ ਗਿਆਰਾਂ ਮੈਂਬਰੀ ਕਮੇਟੀ ਦਾ ਗਠਨ ਕੀਤਾ ਜਾਵੇਗਾ, ਜਿਹੜੇ ਕਿ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਦੇ ਉੱਘੇ ਸਾਹਿਤ ਸ਼ਾਸਤਰੀ ਹੋਣਗੇ। ਇਸ ਲੈਕਚਰ ਸੀਰੀਜ਼ ਨਾਲ ਪਾਤਰ ਸਾਹਿਬ ਦੇ ਵਿਅਕਤੀਤਵ ਅਤੇ ਸਾਹਿਤਕ ਬਿੰਬ ਨੂੰ ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਅਤੇ ਲੋਕ ਚੇਤਨਾ ਵਿੱਚ ਸਥਾਪਿਤ ਕੀਤਾ ਜਾਵੇਗਾ।

ਪ੍ਰੋ. ਕਰਮਜੀਤ ਸਿੰਘ(ਵਾਈਸ ਚਾਂਸਲਰ) ਨੇ ਕਿਹਾ ਕਿ "ਪਦਮਸ਼੍ਰੀ ਸੁਰਜੀਤ ਪਾਤਰ ਪੰਜਾਬੀ ਸਾਹਿਤ ਦੀ ਉੱਘੀ ਸ਼ਖ਼ਸੀਅਤ ਸਨ। ਉਨ੍ਹਾਂ ਨੂੰ ਪੰਜਾਬੀ ਸਾਹਿਤ ਵਿੱਚ ਇਕਵੀਂ ਸਦੀ ਦੇ ਯੁੱਗ ਪੁਰਸ਼ ਵਜੋਂ ਯਾਦ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਨੂੰ ਅੰਤਰਰਾਸ਼ਟਰੀ ਪੱਧਰ ਤੇ ਪਹੁੰਚਾਉਣ ਵਿੱਚ ਆਪਣੀ ਮੱਹਤਵਪੂਰਨ ਭੂਮਿਕਾ ਨਿਭਾਈ ਹੈ। ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ,ਪਟਿਆਲਾ ਨਾਲ ਉਨ੍ਹਾਂ ਦਾ ਅਹਿਮ ਰਿਸ਼ਤਾ ਰਿਹਾ ਹੈ। ਉਨ੍ਹਾਂ ਦੇ ਪੰਜਾਬੀ ਸਾਹਿਤ ਪ੍ਰਤੀ ਵੱਡਮੁੱਲੇ ਯੋਗਦਾਨ ਅਤੇ ਯੂਨੀਵਰਸਿਟੀ ਨਾਲ ਉਨ੍ਹਾਂ ਦੀ ਸਾਂਝ ਨੂੰ ਮੱਦੇਨਜ਼ਰ ਰੱਖਦੇ ਹੋਏ ਸਕੂਲ ਆਫ ਲੈਂਗੁਏਜ਼ ਵੱਲੋਂ ਪਦਮਸ਼੍ਰੀ ਸੁਰਜੀਤ ਪਾਤਰ ਯਾਦਗਾਰੀ ਲੈਕਚਰ ਸੀਰੀਜ਼ ਸ਼ੁਰੂ ਕੀਤੀ ਜਾਵੇਗੀ" ।

16/5/24

ਡਾਇਰੈਕਟਰ

ਲੋਕ ਸੰਪਰਕ

Director-Public Relations Cell
Jagat Guru Nanak Dev
Punjab State Open University
Patiala – 147001(PB) INDIA

## News Clips

ਜਗ ਬਾਣੀ ਈ-ਪੇਪਰ

FRI,17 MAY 2024

EDITION: PATIALA BANI, PAGE NO. 4

### ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਦਾ ਉਪਰਾਲਾ

# ਸਕੂਲ ਆਫ ਲੈਂਗੂਏਜ ਵੱਲੋਂ ਸ਼ੁਰੂ ਕੀਤੀ ਜਾਵੇਗੀ 'ਪਦਮਸ਼੍ਰੀ ਸੁਰਜੀਤ ਪਾਤਰ ਯਾਦਗਾਰੀ ਲੈਕਚਰ ਸੀਰੀਜ਼'



ਪਟਿਆਲਾ, 16 ਮਈ (ਰਾਜੇਸ਼ ਪੰਜੌਲਾ)- ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਦੇ ਸਕੂਲ ਆਫ ਲੈਂਗੂਏਜ ਵੱਲੋਂ ਵਾਈਸ ਚਾਂਸਲਰ ਪ੍ਰੋ. ਕਰਮਜੀਤ ਸਿੰਘ ਦੀ ਰਹਿਨੁਮਾਈ ਵਿਚ ਪਦਮਸ਼੍ਰੀ ਸੁਰਜੀਤ ਪਾਤਰ ਜੀ ਨੂੰ ਸ਼ਰਧਾਜਲੀ ਵਜੋਂ 'ਪਦਮਸ਼੍ਰੀ ਸੁਰਜੀਤ ਪਾਤਰ ਯਾਦਗਾਰੀ ਲੈਕਚਰ ਸੀਰੀਜ਼' ਸੁਰੂ ਕਰਵਾਈ ਜਾ ਰਹੀ ਹੈ। ਸੀਰੀਜ਼ ਨੂੰ ਸ਼ੁਰੂ ਕਰਨ ਦਾ ਮਨੋਰਥ ਇਹ ਹੈ ਕਿ ਇਸ ਲੈਕਚਰ ਸੀਰੀਜ਼ ਰਾਹੀਂ ਪਦਮਸ਼੍ਰੀ ਸੁਰਜੀਤ ਪਾਤਰ ਜੀ ਦੇ ਸਾਹਿਤਕ ਕਾਰਜ ਨੂੰ ਅਕਾਦਮਿਕ ਅਤੇ ਆਮ ਪੱਧਰ ਤੱਕ ਪਹੁੰਚਾਇਆ ਜਾਵੇ।

ਵਾਈਸ ਚਾਂਸਲਰ ਸਾਹਿਬ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਇਸ ਲੈਕਚਰ ਸੀਰੀਜ਼ ਨੂੰ ਵਿਉਂਤਬੱਧ ਤਰੀਕੇ ਨਾਲ ਚਲਾਉਣ ਲਈ ਪ੍ਰਮੁੱਖ ਸਾਹਿਤ ਸ਼ਾਸਤਰੀਆਂ ਦੀ 11 ਮੈਂਬਰੀ ਕਮੇਟੀ ਦਾ ਗਠਨ ਕੀਤਾ ਜਾਵੇਗਾ, ਜਿਹੜੇ ਕਿ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਦੇ ਉੱਘੇ ਸਾਹਿਤ ਸ਼ਾਸਤਰੀ ਹੋਣਗੇ। ਇਸ ਲੈਕਚਰ ਸੀਰੀਜ਼ ਨਾਲ ਪਾਤਰ ਸਾਹਿਬ ਦੇ ਵਿਅਕਤੀਤਵ ਅਤੇ ਸਾਹਿਤਕ ਬਿੰਬ ਨੂੰ ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਅਤੇ ਲੋਕ ਚੇਤਨਾ 'ਚ ਸਥਾਪਿਤ ਕੀਤਾ ਜਾਵੇਗਾ।

ਪ੍ਰੋ. ਕਰਮਜੀਤ ਸਿੰਘ (ਵਾਈਸ ਚਾਂਸਲਰ) ਨੇ ਕਿਹਾ ਕਿ ਪਦਮਸ਼੍ਰੀ ਸੁਰਜੀਤ ਪਾਤਰ ਪੰਜਾਬੀ ਸਾਹਿਤ ਦੀ ਉੱਘੀ ਸ਼ਖਸੀਅਤ ਸਨ। ਉਨ੍ਹਾਂ ਨੂੰ ਪੰਜਾਬੀ ਸਾਹਿਤ 'ਚ 21ਵੀਂ ਸਦੀ ਦੇ ਯੁੱਗ ਪੁਰਸ਼ ਵਜੋਂ ਯਾਦ ਕੀਤਾ ਜਾ ਰਿਹਾ ਹੈ।

ਉਨ੍ਹਾਂ ਨੇ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਪਹੁੰਚਾਉਣ 'ਚ ਆਪਣੀ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਨਾਲ ਉਨ੍ਹਾਂ ਦਾ ਅਹਿਮ ਰਿਸ਼ਤਾ ਰਿਹਾ ਹੈ।

ਉਨ੍ਹਾਂ ਦੇ ਪੰਜਾਬੀ ਸਾਹਿਤ ਪ੍ਰਤੀ ਵੱਡਮੁੱਲੇ ਯੋਗਦਾਨ ਅਤੇ ਯੂਨੀਵਰਸਿਟੀ ਨਾਲ ਉਨ੍ਹਾਂ ਦੀ ਸਾਂਝ ਨੂੰ ਮੱਦੇਨਜ਼ਰ ਰੱਖਦੇ ਹੋਏ ਸਕੂਲ ਆਫ ਲੈਂਗੂਏਜ਼ ਵੱਲੋਂ ਪਦਮਸ਼੍ਰੀ ਸੁਰਜੀਤ ਪਾਤਰ ਯਾਦਗਾਰੀ ਲੈਕਚਰ ਸੀਰੀਜ਼ ਸ਼ੁਰੂ ਕੀਤੀ ਜਾਵੇਗੀ।

## Links

https://www.facebook.com/photo/?fbid=122178293474031399&set=a.122117636114031399

https://www.instagram.com/p/C7Dlc0Jv0YJ/